RECOVERY-RS
RESPIRATORY SUPPORT

WARWICK | University Hospitals Birmingham NHS Foundation Trust | QUEEN'S UNIVERSITY BELFAST | intensive care society | NIHR National Institute for Health Research

ਹਸਪਤਾਲ ਦਾ ਨਾਮ:
ਸੈਂਟਰ ਨੰਬਰ:
ਅਧਿਐਨ ਨੰਬਰ:

# ਪ੍ਰਤੀਭਾਗੀ ਲਈ ਸੂਚਨਾ ਸ਼ੀਟ

**ਪ੍ਰੋਜੈਕਟ ਦਾ ਸਿਰਲੇਖ:** ਸਿਹਤਯਾਬੀ-ਆਰ ਐਸ (RS) ਸਾਹ ਪ੍ਰਣਾਲੀ ਦੀ ਸਹਾਇਤਾ: ਕੋਵਿਡ-19 ਵਿਚ ਸਾਹ ਪ੍ਰਣਾਲੀ ਸਬੰਧੀ ਰਣਨੀਤੀਆਂ; ਸੀ ਪੀ ਏ ਪੀ (CPAP), ਹਾਈ-ਫਲੋਅ (High-flow), ਅਤੇ ਮਾਨਕ ਦੇਖਭਾਲ

ਤੁਹਾਨੂੰ ਇਹ ਪਰਚਾ ਪੜ੍ਹਨ ਅਤੇ ਵਿਚਾਰਨ ਲਈ ਦਿੱਤਾ ਗਿਆ ਹੈ ਕਿਉਂਕਿ ਤੁਹਾਨੂੰ ਕੋਵਿਡ-19 ਨਾਲ ਗ੍ਰਸਤ ਹੋਣ ਦੀ ਹਾਲਤ ਵਿਚ ਜਾਂ ਕੋਵਿਡ-19 ਦਾ ਸ਼ੱਕ ਹੋਣ ਦੇ ਕਾਰਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਅਤੇ ਤੁਹਾਡੀ ਆਕਸੀਜਨ ਦੇ ਪੱਧਰਾਂ ਨੂੰ ਕਾਫੀ ਉੱਚਾ ਰੱਖਣ ਲਈ ਮਦਦ ਚਾਹੀਦੀ ਹੈ।

ਇਹ ਜਾਣਕਾਰੀ ਪਰਚਾ ਅਧਿਐਨ ਦਾ ਵਰਣਨ ਕਰਦਾ ਹੈ ਅਤੇ ਦੱਸਦਾ ਹੈ ਕਿ ਇਸਦੇ ਤੁਹਾਡੇ ਲਈ ਕੀ ਮਾਅਨੇ ਹਨ। ਤੁਹਾਡੀ ਭਾਗੀਦਾਰੀ ਨਾਲ ਕੇਵਲ ਇਸ ਮਹਾਮਾਰੀ ਵਿਚ ਮਦਦ ਕਰੇਗੀ, ਸਗੋਂ ਸੰਭਵ ਹੈ ਕਿ ਇਹ ਭਵਿੱਖ ਦੀਆਂ ਮਹਾਮਾਰੀਆਂ ਵਿਚ ਵੀ ਮਦਦ ਕਰੇਗੀ। ਸਾਡੀ ਟੀਮ ਵਿਚੋਂ ਇਕ ਵਿਅਕਤੀ ਤੁਹਾਡੇ ਨਾਲ ਜਾਣਕਾਰੀ ਸ਼ੀਟ ਨੂੰ ਪੜ੍ਹੇਗਾ ਅਤੇ ਤੁਹਾਨੂੰ ਹੋ ਸਕਣ ਵਾਲੇ ਕਿਸੇ ਤਰ੍ਹਾਂ ਦੇ ਪ੍ਰਸ਼ਨਾਂ ਦਾ ਉੱਤਰ ਦੇਵੇਗਾ। ਜੇ ਤੁਹਾਡੀ ਇੱਛਾ ਹੈ ਤਾਂ ਦੂਜਿਆਂ ਨਾਲ ਗੱਲ ਕਰੋ ਅਤੇ ਕਿਰਪਾ ਕਰਕੇ ਕਿਸੇ ਤਰ੍ਹਾਂ ਦੇ ਪ੍ਰਸ਼ਨ ਪੁੱਛਣ ਲਈ ਨਿਝਿਜਕ ਰਹੋ।

## ਖੋਜ ਦੇ ਬਾਰੇ ਜਾਣਕਾਰੀ

ਇਹ ਅਧਿਐਨ ਐਨ ਐਚ ਐਸ (NHS) ਹਸਪਤਾਲਾਂ (ਇੰਗਲੈਂਡ, ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ) ਵਿਚ ਜਾਂ ਵਾਰਡਾਂ ਅਤੇ ਹੰਗਾਮੀ (ਕ੍ਰਿਟੀਕਲ) ਦੇਖਭਾਲ ਦੇ ਖੇਤਰਾਂ ਨਾਲ ਮਕਸਦ ਅਧੀਨ ਤਿਆਰ ਕੀਤੇ ਹਸਪਤਾਲਾਂ ਵਿਚ ਹੋ ਰਹੀ ਹੈ। ਇਸਦਾ ਟੀਚਾ ਕੋਵਿਡ-19 ਨਾਲ ਗ੍ਰਸਤ ਵਿਅਕਤੀਆਂ ਜਾਂ ਉਹ ਵਿਅਕਤੀ ਜਿਨ੍ਹਾਂ ਨੂੰ ਕੋਵਿਡ-19 ਹੋਣ ਦਾ ਸ਼ੱਕ ਹੈ, ਵਾਲੇ 4002 ਵਿਅਕਤੀਆਂ ਨੂੰ ਸ਼ਾਮਲ ਕਰਨ ਦਾ ਹੈ।

ਇਹ ਅਧਿਐਨ ਉਨ੍ਹਾਂ ਤਿੰਨ ਵੱਖ-ਵੱਖ ਇਲਾਜਾਂ ਦੀ ਤੁਲਨਾ ਕਰਦਾ ਹੈ ਜੋ ਸਾਹ ਲੈਣ ਵਿਚ ਸਹਾਇਤਾ ਕਰਦੇ ਹਨ। ਇਨ੍ਹਾਂ ਇਲਾਜਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

A) **ਕੋਂਟੀਨਿਊਸ ਪਾਜ਼ੀਟਿਵ ਏਅਰਵੇਅ ਪ੍ਰੈਸ਼ਰ (ਸੀ ਪੀ ਏ ਪੀ) (Continuous positive airway pressure, CPAP):** ਇਹ ਇਲਾਜ ਚਿਹਰੇ ਤੇ ਕੱਸ ਕੇ ਫਿਟ ਕੀਤੇ ਗਏ ਮਾਸਕ ਦੇ ਰਾਹੀਂ ਹਵਾ ਦਾ ਹਲਕੇ ਤੋਂ ਉੱਚ ਦਬਾਅ ਨੂੰ ਨਿਰੰਤਰ ਆਧਾਰ ਤੇ ਲਾਗੂ ਕਰਦਾ ਹੈ। ਇਹ ਇਲਾਜ ਉਹ ਲੋਕ ਜੋ ਸਧਾਰਣ ਰੂਪ ਵਿਚ ਆਪਣੇ ਆਪ ਸਾਹ ਲੈ ਸਕਦੇ ਹਨ, ਪਰ ਉਨ੍ਹਾਂ ਨੂੰ ਆਪਣੇ ਹਵਾ ਦੇ ਰਸਤੇ ਨੂੰ ਖੁੱਲ੍ਹਾ ਰੱਖਣ ਦੀ ਜ਼ਰੂਰਤ ਪੈਂਦੀ ਹੈ, ਵਿਚ ਹਵਾ ਦੇ ਰਸਤੇ ਨੂੰ ਨਿਰੰਤਰ ਖੁੱਲ੍ਹਾ ਰੱਖਦਾ ਹੈ।

B) **ਹਾਈ ਫਲੋਅ ਨੈਸਲ ਆਕਸੀਜਨ (ਐਚ ਐਫ਼ ਐਨ ਓ)** (**High flow nasal oxygen, HFNO**): ਇਹ ਟਿਊਬਾਂ ਦੇ ਰਾਹੀਂ ਨੱਕ ਵਿਚ ਨਮੀ ਯੁਕਤ (ਗਿੱਲੀ) ਅਤੇ ਨਿੱਘੀ ਆਕਸੀਜਨ ਨੂੰ ਭੇਜਣ ਦਾ ਤਰੀਕਾ ਹੈ। ਉਹ

ਮਰੀਜ਼ ਜਿਨ੍ਹਾਂ ਵਿਚ ਆਕਸੀਜਨ ਦਾ ਪੱਧਰ ਨੀਵਾਂ ਹੁੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਆਪ ਸਾਹ ਲੈਣਾ ਕਠਿਨ ਲੱਗਦਾ ਹੈ, ਇਹ ਇਲਾਜ ਉਨ੍ਹਾਂ ਦੀ ਮਦਦ ਲਈ ਬਹੁਤ ਤੇਜ਼ੀ ਨਾਲ ਆਕਸੀਜਨ ਪਹੁੰਚਾਉਂਦਾ ਹੈ

C) **ਮਾਨਕ ਦੇਖਭਾਲ:** ਮਾਨਕ ਦੇਖਭਾਲ ਵਿਚ ਚਿਹਰੇ ਦੇ ਆਮ ਮਾਸਕ ਜਾਂ ਨੱਕ ਵਿਚ ਪਈਆਂ ਟਿਊਬਾਂ ਦੇ ਰਾਹੀਂ ਭੇਜੀ ਜਾਣ ਵਾਲੀ ਆਕਸੀਜਨ ਸ਼ਾਮਲ ਹੋਏਗੀ।

ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਹਾਂ ਕਿ ਕਿਹੜਾ ਇਲਾਜ ਆਕਸੀਜਨ ਦੇ ਪੱਧਰਾਂ ਨੂੰ ਲੋੜੀਂਦੇ ਪੱਧਰਾਂ ਤੱਕ ਰੱਖ ਸਕਦਾ ਹੈ ਅਤੇ ਮਰੀਜ਼ ਨੂੰ ਆਪਣੇ ਸਾਹ ਨੂੰ ਲੈਣ ਵਿਚ ਹੋਰ ਜ਼ੋਰ ਲਗਾਉਣ ਨੂੰ ਰੋਕਦਾ ਹੈ। ਇਲਾਜ ਦੀਆਂ ਤਿੰਨੋਂ ਕਿਸਮਾਂ ਐਨ ਐਚ ਐਸ (NHS) ਦੇ ਅੰਦਰ ਆਮ ਵਰਤੋਂ ਵਿਚ ਹਨ।

## ਮੈਨੂੰ ਅਧਿਐਨ ਲਈ ਕਿਉਂ ਚੁਣਿਆ ਗਿਆ ਹੈ?

ਤੁਹਾਨੂੰ ਇਸ ਅਧਿਐਨ ਦੇ ਲਈ ਚੁਣਿਆ ਗਿਆ ਸੀ ਕਿਉਂਕਿ ਅਸੀਂ ਤੁਹਾਨੂੰ ਕੋਵਿਡ-19 ਨਾਲ ਗ੍ਰਸਤ ਵਿਅਕਤੀ ਜਾਂ ਕੋਵਿਡ -19 ਨਾਲ ਗ੍ਰਸਤ ਵਿਅਕਤੀ ਹੋਣ ਦੇ ਸ਼ੱਕੀ ਵਜੋਂ ਪਛਾਣਿਆ ਹੈ ਅਤੇ ਤੁਹਾਨੂੰ ਆਪਣੇ ਆਕਸੀਜਨ ਦੇ ਪੱਧਰਾਂ ਨੂੰ ਲੋੜੀਂਦੇ ਪੱਧਰਾਂ ਤੱਕ ਉੱਚਾ ਰੱਖਣ ਲਈ ਮਦਦ ਚਾਹੀਦੀ ਹੈ। ਅਸੀਂ ਹੁਣ ਤੁਹਾਨੂੰ ਪੁੱਛਣਾ ਚਾਹਵਾਂਗੇ ਕਿ ਕੀ ਤੁਸੀਂ ਅਧਿਐਨ ਵਿਚ ਭਾਗ ਲੈਣਾ ਚਾਹੁੰਦੇ ਹੋ।

## ਤੁਹਾਨੂੰ ਮੇਰੀ ਸਹਿਮਤੀ ਕਿਉਂ ਚਾਹੀਦੀ ਹੈ?

ਸਾਨੂੰ, ਇਸ ਜਾਣਕਾਰੀ ਸ਼ੀਟ ਵਿਚ ਦੱਸੀਆਂ ਗਈਆਂ ਕਲੀਨਿਕਲ ਪ੍ਰਕਿਰਿਆਵਾਂ ਅਤੇ ਤੁਹਾਡੀ ਨਸਲ, ਅਤੇ ਜਾਤੀਅਤਾ ਦੇ ਡਾਟਾ ਸਮੇਤ ਤੁਹਾਡੀ ਵਿਅਕਤੀਗਤ ਜਾਣਕਾਰੀ ਨੂੰ ਇਕੱਠਾ ਕਰਨ, ਰਿਕਾਰਡ ਕਰਨ ਅਤੇ ਸਟੋਰ ਕਰਨ ਲਈ ਤੁਹਾਡੀ ਸਹਿਮਤੀ ਦੀ ਜ਼ਰੂਰਤ ਹੈ, ਇਹ ਸਾਨੂੰ ਇਸ ਗੱਲ ਦਾ ਵਿਸ਼ਲੇਸ਼ਣ ਕਰਨ ਵਿਚ ਮਦਦ ਕਰੇਗਾ ਕਿ ਮਰੀਜ਼ ਅਧਿਐਨ ਪ੍ਰਤੀ ਪ੍ਰਤੀਕ੍ਰਿਆ ਕਿਵੇਂ ਕਰਦੇ ਹਨ ਅਤੇ ਹਰ ਇਲਾਜ ਉਨ੍ਹਾਂ ਲਈ ਕਿੰਨੀ ਚੰਗੀ ਤਰ੍ਹਾਂ ਕੰਮ ਕਰਦਾ ਹੈ।

## ਅੱਗੇ ਕੀ ਹੋਵੇਗਾ?

ਅਧਿਐਨ ਬਾਰੇ ਅੱਗੇ ਦੀ ਚਰਚਾ ਕਰਨ ਲਈ ਅਧਿਐਨ ਟੀਮ ਦਾ ਇਕ ਮੈਂਬਰ ਤੁਹਾਡੇ ਨਾਲ ਸੰਪਰਕ ਕਰੇਗਾ।

ਖੋਜ ਟੀਮ ਦਾ ਮੈਂਬਰ ਤੁਹਾਨੂੰ ਪੁੱਛੇਗਾ ਕਿ ਕੀ ਤੁਹਾਨੂੰ ਇਸ ਜਾਣਕਾਰੀ ਪਰਚੇ ਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ ਅਤੇ ਉਹ ਤੁਹਾਨੂੰ ਪੁੱਛੇਗਾ ਕਿ ਕੀ ਤੁਸੀਂ ਕੋਈ ਪ੍ਰਸ਼ਨ ਪੁੱਛਣਾ ਚਾਹੁੰਦੇ ਹੋ। ਉਹ ਅਧਿਐਨ ਅਤੇ ਜਾਣਕਾਰੀ ਵਾਲੇ ਪਰਚੇ ਬਾਰੇ ਤੁਹਾਡੇ ਨਾਲ ਚਰਚਾ ਕਰਨਗੇ ਅਤੇ ਤੁਹਾਨੂੰ ਹੋ ਸਕਣ ਵਾਲੇ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਸਭ ਤੋਂ ਵਧੀਆ ਕੋਸ਼ਿਸ਼ ਕਰਨਗੇ।

ਜੇ ਤੁਸੀਂ ਇਹ ਨਿਰਣਾ ਕਰਦੇ ਹੋ ਕਿ ਤੁਸੀਂ ਅਧਿਐਨ ਵਿਚ ਭਾਗ ਲੈਣਾ ਚਾਹੋਗੇ, ਤਾਂ ਖੋਜਾਰਥੀ ਤੁਹਾਨੂੰ ਸਹਿਮਤੀ ਨੂੰ ਦਸਤਾਵੇਜ਼ਬੱਧ ਕਰੇਗਾ। ਤੁਹਾਨੂੰ ਇਸ ਸਹਿਮਤੀ ਫਾਰਮ ਦੀ ਕਾਪੀ ਦਿੱਤੀ ਜਾਵੇਗੀ, ਖੋਜਾਰਥੀ ਇਸਦੀ ਕਾਪੀ ਨੂੰ ਰੱਖੇਗਾ ਅਤੇ ਇਸਦੀ ਤੀਜੀ ਕਾਪੀ ਨੂੰ ਤੁਹਾਡੇ ਚਿਕਿਤਸਕ ਰਿਕਾਰਡਾਂ ਵਿਚ ਰੱਖੀ ਜਾਵੇਗੀ।

ਤੁਹਾਡੀ ਸਹਿਮਤੀ ਦੇ ਬਾਅਦ ਤੁਹਾਨੂੰ ਤੁਹਾਡਾ ਇਲਾਜ਼ ਪ੍ਰਾਪਤ ਕਰਨ ਲਈ ਜਾਂ ਤਾਂ ਨਿਯਮਤ ਆਕਸੀਜਨ ਥੈਰੇਪੀ ਨੂੰ ਸ਼ਾਮਲ ਕਰਦਾ ਦੇਖਭਾਲ ਦਾ ਮਾਨਕ, ਹਾਈ ਫਲੋਅ ਨੈਜ਼ਲ ਆਕਸੀਜਨ (ਐਚ ਐਫ਼ ਐਨ ਓ) (High Flow Nasal Oxygen, HFNO) ਜਾਂ ਕੋਂਟੀਨਿਉਸ ਪਾਜ਼ੀਟਿਵ ਏਅਰਵੇਅ ਪ੍ਰੈਸ਼ਰ (ਸੀ ਪੀ ਏ ਪੀ) (Continuous Positive Airway Pressure, CPAP) ਪ੍ਰਾਪਤ ਕਰਨ ਲਈ ਬੇਤਰਤੀਬੇ ਤਰੀਕੇ ਨਾਲ ਚੁਣਿਆ ਜਾਵੇਗਾ। ਜੇ ਤੁਸੀਂ ਭਾਗ ਲੈਣ ਦਾ ਨਿਰਣਾ ਕਰਦੇ ਹੋ ਤਾਂ ਤੁਹਾਡੇ ਲਈ ਇਹ ਚੁਣਨਾ ਸੰਭਵ ਨਹੀਂ ਹੋਏਗਾ ਕਿ ਤੁਸੀਂ 3 ਸਮੂਹਾਂ ਵਿਚੋਂ ਕਿਹੜੇ ਸਮੂਹ ਵਿਚ ਹੋਵੋਗੇ। ਇਹ

ਮਹੱਤਵਪੂਰਨ ਹੈ ਕਿ ਇਹ ਗੱਲ ਬੇਤਰਤੀਬੀ ਚੋਣ ਪ੍ਰਕ੍ਰਿਆ ਨਾਲ ਚੁਣੀ ਜਾਂਦੀ ਹੈ। ਤੁਹਾਡੇ ਲਈ 3 ਸਮੂਹਾਂ ਵਿਚੋਂ ਕਿਸੇ ਇਕ ਲਈ ਚੁਣੇ ਜਾਣ ਦੀ ਸੰਭਾਵਨਾ ਬਰਾਬਰ ਹੈ।

ਬੇਤਰਤੀਬੀ ਚੋਣ ਪ੍ਰਕ੍ਰਿਆ ਦੇ ਬਾਅਦ ਤੁਹਾਡਾ ਇਲਾਜ ਸ਼ੁਰੂ ਹੋਏਗਾ।

**ਕੀ ਮੇਰੇ ਲਈ ਭਾਗ ਲੈਣਾ ਜ਼ਰੂਰੀ ਹੈ?**
ਤੁਹਾਡੇ ਲਈ ਭਾਗ ਲੈਣ ਲਈ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਜੇ ਤੁਸੀਂ ਅਧਿਐਨ ਵਿਚ ਭਾਗ ਨਹੀਂ ਲੈਣਾ ਚੁਣਦੇ ਹੋ, ਤਾਂ ਇਹ ਤੁਹਾਡੇ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਇਲਾਜ ਜਾਂ ਦੇਖਭਾਲ ਨੂੰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰੇਗਾ।

ਤੁਸੀਂ ਇਸ ਅਧਿਐਨ ਵਿਚੋਂ ਕਿਸੇ ਵੀ ਸਮੇਂ ਅਤੇ ਬਿਨਾਂ ਕੋਈ ਕਾਰਨ ਦੱਸਿਆਂ, ਆਪਣੇ ਅਧਿਕਾਰਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਹੱਟ ਸਕਦੇ ਹੋ। ਜੇ ਤੁਸੀਂ ਭਾਗ ਲੈਣਾ ਬੰਦ ਕਰ ਦਿੰਦੇ ਹੋ, ਤਾਂ ਅਸੀਂ ਤੁਹਾਡੇ ਬਾਰੇ ਹੋਰ ਜਾਣਕਾਰੀ ਇਕੱਠੀ ਨਹੀਂ ਕਰਾਂਗੇ। ਅਸੀਂ ਤੁਹਾਡੇ ਦੁਆਰਾ ਅਧਿਐਨ ਤੋਂ ਹਟਾਉਣ ਤੋਂ ਪਹਿਲਾਂ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਰੱਖਾਂਗੇ।

ਖੋਜ ਨੂੰ ਭਰੋਸੇਯੋਗ ਬਣਾਉਣ ਦੇ ਲਈ ਸਾਨੂੰ ਤੁਹਾਡੇ ਰਿਕਾਰਡਾਂ ਨੂੰ ਖਾਸ ਤਰੀਕਿਆਂ ਨਾਲ ਸੰਭਾਲਣ ਦੀ ਲੋੜ ਹੈ। ਇਸ ਦਾ ਮਤਲਬ ਹੈ ਕਿ ਅਸੀਂ ਤੁਹਾਨੂੰ ਸਾਡੇ ਦੁਆਰਾ ਤੁਹਾਡੇ ਬਾਰੇ ਰੱਖੀ ਗਈ ਜਾਣਕਾਰੀ ਨੂੰ ਦੇਖਣ ਜਾਂ ਬਦਲਣ ਦੀ ਆਗਿਆ ਨਹੀਂ ਦੇ ਸਕਦੇ।

**ਅਸੀਂ ਤੁਹਾਡੇ ਨਾਲ ਸਬੰਧਤ ਜਾਣਕਾਰੀ ਨੂੰ ਕਿਵੇਂ ਵਰਤਾਂਗੇ? ਕੀ ਇਸ ਅਧਿਐਨ ਮੇਰੇ ਭਾਗ ਲੈਣ ਨੂੰ ਗੋਪਨੀਯ ਰੱਖਿਆ ਜਾਵੇਗਾ।**
ਅਧਿਐਨ ਨੂੰ ਕਰਨ ਦੇ ਲਈ ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਤੁਹਾਡੇ ਰਿਕਾਰਡਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਇਹ ਪਤਾ ਲਗਾਉਣ ਦੀ ਕੋਸ਼ਿਸ਼ ਲਈ ਵਰਤੇਗੀ ਕਿ ਕਿਹੜਾ ਇਲਾਜ ਸਭ ਤੋਂ ਵਧੀਆ ਕੰਮ ਕਰਦਾ ਹੈ।

ਹਸਪਤਾਲ ਦਾ ਅਮਲਾ ਅਤੇ ਯੂਨੀਵਰਸਿਟੀ ਆਫ਼ ਵਾਰਵਿਕ ਦਾ ਅਮਲਾ ਤੁਹਾਡੇ ਚਿਕਿਤਸਕ ਰਿਕਾਰਡਾਂ, ਜੀ ਪੀ (GP) ਰਿਕਾਰਡਾਂ ਅਤੇ ਹੋਰ ਐਨ ਐਚ ਐਸ (NHS) ਸਰੋਤਾਂ ਤੋਂ ਅਤੇ ਇਸ ਖੋਜ ਅਧਿਐਨ ਲਈ ਇੰਟੈਂਸਿਵ ਕੇਅਰ ਨੈਸ਼ਨਲ ਆਡਿਟ (Intensive Care National Audit) ਅਤੇ ਰਿਸਰਚ ਸੈਂਟਰ (Research Centre) ਤੋਂ ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਦੀਆਂ ਹਦਾਇਤਾਂ ਅਨੁਸਾਰ ਜਾਣਕਾਰੀ ਇਕੱਤਰ ਕਰੇਗਾ। ਅਸੀਂ ਕੇਵਲ ਉਸ ਜਾਣਕਾਰੀ ਦੀ ਵਰਤੋਂ ਕਰਾਂਗੇ ਜੋ ਸਾਨੂੰ ਇਸ ਖੋਜ ਅਧਿਐਨ ਲਈ ਵਾਕਈ ਚਾਹੀਦੀ ਹੈ।

ਅਸੀਂ ਤੁਹਾਡਾ ਨਾਮ, ਜਨਮ ਤਾਰੀਖ, ਐਨ ਐਚ ਐਸ (NHS) ਨੰਬਰ ਜਾਂ ਸੀ ਐਚ ਆਈ (CHI) ਨੰਬਰ ਅਤੇ ਸੰਪਰਕ ਵੇਰਵਿਆਂ (ਪੋਸਟ ਕੋਡ) ਨੂੰ ਤੁਹਾਡੇ ਨਾਲ ਖੋਜ ਅਧਿਐਨ ਬਾਰੇ ਸੰਪਰਕ ਕਰਨ ਲਈ ਵਰਤਾਂਗੇ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੀ ਦੇਖਭਾਲ ਦੇ ਲਈ ਅਤੇ ਅਧਿਐਨ ਦੀ ਗੁਣਵੱਤਤਾ ਦੀ ਨਿਗਰਾਨੀ ਲਈ ਮਹੱਤਵਪੂਰਨ ਜਾਣਕਾਰੀ ਰਿਕਾਰਡ ਕੀਤੀ ਜਾ ਰਹੀ ਹੈ। ਐਨ ਐਚ ਐਸ (NHS) ਹਸਪਤਾਲ ਦਾ ਸਟਾਫ਼ ਸੁਰੱਖਿਅਤ ਤਰੀਕਿਆਂ ਦੀ ਵਰਤੋਂ ਕਰਕੇ ਇਹ ਵੇਰਵੇ ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਨੂੰ ਭੇਜ ਦੇਵੇਗਾ। ਅਧਿਐਨ ਡਾਟਾ ਨੂੰ ਸੁਰੱਖਿਅਤ ਤਰੀਕੇ ਨਾਲ ਰੱਖਿਆ ਜਾਵੇਗਾ ਅਤੇ ਇਹ ਕੇਵਲ ਅਧਿਕ੍ਰਿਤ ਅਮਲੇ ਦੀ ਪਹੁੰਚ ਵਿਚ ਹੋਵੇਗਾ।

ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਅਤੇ ਅਧਿਐਨ ਵਿਚ ਭਾਗ ਲੈਣ ਵਾਲੇ ਹਸਪਤਾਲ ਤੁਹਾਡੇ ਬਾਰੇ ਜਾਣਕਾਰੀ ਨੂੰ ਅਧਿਐਨ ਦੇ ਸਮਾਪਤ ਹੋਣ ਤੋਂ ਬਾਅਦ ਘੱਟੋ-ਘੱਟ 10 ਸਾਲ ਤੱਕ ਰੱਖਣਗੇ ਤਾਂ ਜੋ ਅਸੀਂ ਨਤੀਜਿਆਂ ਦੀ ਜਾਂਚ ਕਰ ਸਕੀਏ।

ਆਪਣੀ ਜਾਣਕਾਰੀ ਤੱਕ ਪਹੁੰਚ, ਇਸਨੂੰ ਬਦਲਣ ਜਾਂ ਇਸਦੀ ਥਾਂ ਬਦਲਣ ਸਬੰਧੀ ਤੁਹਾਡੇ ਅਧਿਕਾਰ ਸੀਮਤ ਹਨ, ਕਿਉਂਕਿ ਖੋਜ ਦੇ ਭਰੋਸੇਮੰਦ ਅਤੇ ਸਟੀਕ ਹੋਣ ਲਈ ਸਾਨੂੰ ਤੁਹਾਡੀ ਜਾਣਕਾਰੀ ਨੂੰ ਖਾਸ ਤਰੀਕਿਆਂ ਨਾਲ ਸੰਭਾਲਣ ਦੀ ਲੋੜ ਹੈ। ਜੇ ਤੁਸੀਂ ਬਾਅਦ ਵਿਚ ਇਸ ਅਧਿਐਨ ਵਿਚੋਂ ਹੱਟਣ ਦਾ ਨਿਰਣਾ ਕਰਦੇ ਹੋ, ਤਾਂ ਸਾਡੇ ਦੁਆਰਾ ਪਹਿਲਾਂ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਆਪਣੇ ਕੋਲ ਰੱਖਿਆ ਜਾਵੇਗਾ। ਤੁਹਾਡੇ ਅਧਿਕਾਰਾਂ ਦੀ ਰੱਖਿਆ ਕਰਨ ਲਈ, ਅਸੀਂ ਜਿੰਨਾ ਸੰਭਵ ਹੋ ਸਕੇ ਨਿੱਜੀ ਰੂਪ ਵਿਚ ਘੱਟ ਤੋਂ ਘੱਟ ਪਹਿਚਾਣਯੋਗ ਜਾਣਕਾਰੀ ਦੀ ਵਰਤੋਂ ਕਰਾਂਗੇ।

ਖੋਜ ਅਧਿਐਨ ਦੀ ਸਟੀਕਤਾ ਦੀ ਜਾਂਚ ਕਰਨ ਲਈ ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਅਤੇ ਨਿਯਾਮਕ ਸੰਗਠਨਾਂ ਦੇ ਵਿਅਕਤੀ ਤੁਹਾਡੇ ਚਿਕਿਤਸਕ ਅਤੇ ਖੋਜ ਨਾਲ ਸਬੰਧਤ ਰਿਕਾਰਡਾਂ ਨੂੰ ਦੇਖ ਸਕਦੇ ਹਨ। ਉਹ ਲੋਕ ਜੋ ਜਾਣਕਾਰੀ ਦਾ ਵਿਸ਼ਲੇਸ਼ਣ ਕਰਦੇ ਹਨ ਉਹ ਤੁਹਾਨੂੰ ਪਛਾਣ ਨਹੀਂ ਸਕਣਗੇ।

ਜੇ ਤੁਸੀਂ ਇਸ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਸਾਡੇ ਦੁਆਰਾ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਹੋਰ ਖੋਜ ਟੀਮਾਂ ਦੇ ਨਾਲ ਭਵਿੱਖ ਦੇ ਪ੍ਰੋਜੈਕਟਾਂ ਲਈ ਸਾਂਝਾ ਕੀਤਾ ਜਾਵੇਗਾ ਅਤੇ ਸਿਹਤ ਅਤੇ ਸਮਾਜਿਕ ਦੇਖਭਾਲ ਦੇ ਰਾਜ ਪੱਧਰੀ ਸਕੱਤਰ ਦੀ ਸਲਾਹ ਦੇ ਅਨੁਸਾਰ, ਤੁਹਾਡੀ ਗੋਪਨੀਯ ਮਰੀਜ਼ ਜਾਣਕਾਰੀ ਨੂੰ ਕੋਵਿਡ-19 ਦੇ ਮਕਸਦਾਂ ਲਈ ਸੰਗਠਨਾਂ ਦੇ ਨਾਲ ਸਾਂਝਾ ਕੀਤਾ ਜਾਵੇਗਾ। (ਸਿਹਤ ਅਤੇ ਸਮਾਜਕ ਦੇਖਭਾਲ ਦੇ ਸੈਕਰੇਟਰੀ ਆਫ਼ ਸਟੇਟ (ਇੰਗਲੈਂਡ) ਦੀ ਸਲਾਹ ਉੱਤਰੀ ਆਇਰਲੈਂਡ ਦੇ ਮਰੀਜ਼ਾਂ ਤੋਂ ਪ੍ਰਾਪਤ ਡਾਟਾ ਉੱਪਰ ਲਾਗੂ ਨਹੀਂ ਹੁੰਦੀ ਹੈ।)

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਯੂਨੀਵਰਸਿਟੀ ਆਫ਼ ਵਰਵਿਕ ਰਿਸਰਚ ਪ੍ਰਾਇਵੇਸੀ ਨੋਟਿਸ (University of Warwick Research Privacy Notice) ਜੋ ਕਿ ਇੱਥੇ ਉਪਲਬੱਧ ਹੈ ਉਸਨੂੰ ਦੇਖੋ: https://warwick.ac.uk/services/idc/dataprotection/privacynotices/researchprivacynotice (ਤੁਸੀਂ ਖੋਜ ਟੀਮ ਤੋਂ ਇਸ ਦਸਤਾਵੇਜ਼ ਦੇ ਕਾਪੀ ਲੈਣ ਲਈ ਬੇਨਤੀ ਕਰ ਸਕਦੇ ਹੋ) ਜਾਂ ਇਨਫਾਰਮੇਸ਼ਨ ਐਂਡ ਡਾਟਾ ਕੰਪਾਇਲੇਸ਼ਨ ਟੀਮ (Information and Data Compliance Team) ਨੂੰ ਇੱਥੇ ਸੰਪਰਕ ਕਰਕੇ ਇਸਨੂੰ ਪ੍ਰਾਪਤ ਕਰ ਸਕਦੇ ਹੋ GDPR@warwick.ac.uk.

ਅਸੀਂ ਤੁਹਾਡੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਾਂਗੇ, ਤੁਸੀਂ ਇਸ ਬਾਰੇ ਹੋਰ ਜਾਣਕਾਰੀ ਇੱਥੇ ਦੇਖ ਸਕਦੇ ਹੋ: https://www.hra.nhs.uk/planning-and-improving-research/policies-standards-legislation/data-protection-and-information-governance/gdpr-guidance/templates/template-wording-for-generic-information-document/ (ਤੁਸੀਂ ਇਸ ਦਸਤਾਵੇਜ਼ ਦੀ ਇਕ ਨਕਲ ਲਈ ਖੋਜੀ ਟੀਮ ਨੂੰ ਬੇਨਤੀ ਕਰ ਸਕਦੇ ਹੋ)।

**ਭਾਗ ਲੈਣ ਵਿਚ ਕੀ ਸ਼ਾਮਲ ਹੋਏਗਾ?**

ਤੁਸੀਂ ਆਪਣੀ ਸਾਹ ਦੀ ਸਮੱਸਿਆ ਵਿਚ ਸਹਾਇਤਾ ਲਈ ਅਧਿਐਨ ਦੁਆਰਾ ਨਿਰਧਾਰਤ ਕੀਤਾ ਗਿਆ ਇਲਾਜ ਪ੍ਰਾਪਤ ਕਰੋਗੇ। ਅਸੀਂ ਤੁਹਾਡੇ ਜਾਰੀ ਰਹਿ ਰਹੇ ਇਲਾਜ ਅਤੇ ਸਿਹਤਯਾਬੀ ਬਾਰੇ ਵੀ ਡਾਟਾ ਇਕੱਤਰ ਕਰਾਂਗੇ। ਅਸੀਂ

ਰਿਕਾਰਡ ਕਰਾਂਗੇ ਕਿ ਤੁਸੀਂ ਕਿਹੜਾ ਇਲਾਜ ਪ੍ਰਾਪਤ ਕਰੋਗੇ ਅਤੇ 30 ਦਿਨਾਂ ਤੱਕ ਜਾਂ ਜਦੋਂ ਤੱਕ ਤੁਹਾਨੂੰ ਹਸਪਤਾਲ ਵਿਚੋਂ ਛੁੱਟੀ ਨਹੀਂ ਮਿਲ ਜਾਂਦੀ, ਅਸੀਂ ਤੁਹਾਡਾ ਫਾਲੋ-ਅੱਪ ਕਰਾਂਗੇ, ਇਨ੍ਹਾਂ ਵਿਚੋਂ ਜੋ ਵੀ ਬਾਅਦ ਵਿਚ ਹੋਏਗਾ ਉਹ ਲਾਗੂ ਹੋਏਗਾ। ਇਹ ਸਾਨੂੰ ਉਸ ਇਲਾਜ ਦਾ ਪਤਾ ਲਗਾਉਣ ਵਿਚ ਮਦਦ ਕਰੇਗਾ ਜੋ ਕੋਵਿਡ-19 ਨਾਲ ਗ੍ਰਸਤ ਲੋਕਾਂ ਲਈ ਵਧੀਆ ਕੰਮ ਕਰਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਸਾਹ ਦੀ ਸਮੱਸਿਆ ਵਿਚ ਹੋਰ ਸਹਾਇਤਾ ਦੀ ਜ਼ਰੂਰਤ ਨੂੰ ਬੰਦ ਕਰਦਾ ਹੈ।

ਇਕ ਵਾਰ ਜਦੋਂ ਟਰਾਇਲ ਵਾਲਾ ਇਲਾਜ ਸਮਾਪਤ ਹੋ ਜਾਂਦਾ ਹੈ, ਤਾਂ ਤੁਹਾਡੇ ਉੱਪਰ ਅੱਗੇ ਹੋਰ ਕੋਈ ਪ੍ਰਭਾਵ ਨਹੀਂ ਪਵੇਗਾ, ਜੇ ਤੁਸੀਂ ਅਜੇ ਵੀ ਹਸਪਤਾਲ ਵਿਚ ਹੋ, ਤਾਂ ਤੁਸੀਂ ਆਮ ਦੀ ਤਰ੍ਹਾਂ ਦੇਖਭਾਲ ਅਤੇ ਇਲਾਜ ਪ੍ਰਾਪਤ ਕਰਨਾ ਜਾਰੀ ਰੱਖੋਗੇ।

**ਅਧਿਐਨ ਵਿਚ ਭਾਗ ਲੈਣ ਦੇ ਸੰਭਾਵਤ ਲਾਭ ਅਤੇ ਜ਼ੋਖਮ ਕਿਹੜੇ ਹਨ?**

ਜਦਕਿ ਮਾਨਕ ਦੇਖਭਾਲ ਆਕਸੀਜਨ ਦੀ ਡਿਲੀਵਰੀ ਨੂੰ ਸੁਧਾਰਦੀ ਹੈ, ਹਾਈ-ਫਲੋਅ ਨੈਜ਼ਲ ਆਕਸੀਜਨ (high-flow nasal oxygen) ਅਤੇ ਸੀ ਪੀ ਏ ਪੀ (CPAP) ਦੋਵਾਂ ਤੋਂ ਆਸ ਕੀਤਾ ਜਾਂਦਾ ਲਾਭ ਇਹ ਹੈ ਕਿ ਇਹ ਤੁਹਾਡੇ ਫੇਫੜਿਆਂ ਨੂੰ ਆਕਸੀਜਨ ਦੀ ਡਿਲੀਵਰੀ ਵਿਚ ਹੋਰ ਸੁਧਾਰ ਕਰਨਗੇ। ਇਹ ਤੁਹਾਨੂੰ ਚੰਗਾ ਅਤੇ ਘੱਟ ਸਾਹ ਚੜ੍ਹਦਾ ਮਹਿਸੂਸ ਕਰਨ ਵਿਚ ਮਦਦ ਸਕਦਾ ਹੈ। ਇਹ ਤੁਹਾਨੂੰ ਆਮ ਐਨੇਸਥੈਟਿਕ ਦੇ ਅਧੀਨ ਰੱਖਣ ਅਤੇ ਤੁਹਾਨੂੰ ਵੈਂਟੀਲੇਟਰ ਤੇ ਰੱਖਣ ਦੀ ਜ਼ਰੂਰਤ ਤੋਂ ਬੱਚਣ ਵਿਚ ਵੀ ਮਦਦ ਕਰ ਸਕਦਾ ਹੈ।

ਕੁਝ ਲੋਕਾਂ ਨੂੰ ਹਾਈ-ਫਲੋਅ ਨੈਜ਼ਲ ਆਕਸੀਜਨ (high-flow nasal oxygen) ਅਤੇ ਸੀ ਪੀ ਏ ਪੀ (CPAP), ਦੋਵਾਂ ਦਾ ਅਹਿਸਾਸ ਪਸੰਦ ਨਹੀਂ ਆਉਂਦਾ ਹੈ। ਉਦਾਹਰਣ ਦੇ ਤੌਰ ਤੇ, ਉਹ ਘੁੱਟਨ ਮਹਿਸੂਸ ਕਰ ਸਕਦੇ ਹਨ। ਸੀ ਪੀ ਏ ਪੀ (CPAP) ਤੁਹਾਨੂੰ ਬਿਮਾਰ ਮਹਿਸੂਸ ਕਰਵਾ ਸਕਦੀ ਹੈ, ਤੁਹਾਡੀ ਉਲਟੀ ਦਾ ਕਾਰਨ ਬਣ ਸਕਦੀ ਹੈ, ਅਤੇ ਤੁਹਾਡੇ ਨੱਕ ਅਤੇ ਮੂੰਹ ਦੇ ਦੁਆਲੇ ਦਬਾਓ ਕਾਰਨ ਪੈਦਾ ਹੋਣ ਵਾਲੇ ਕੁਝ ਫੋੜਿਆਂ ਦਾ ਕਾਰਨ ਬਣ ਸਕਦੀ ਹੈ। ਜੇ ਤੁਸੀਂ ਇਨ੍ਹਾਂ ਦਾ ਅਨੁਭਵ ਕਰਦੇ ਹੋ, ਤਾਂ ਇਲਾਜ ਨੂੰ ਬੰਦ ਕੀਤਾ ਜਾ ਸਕਦਾ ਹੈ।

ਜੇ ਤੁਹਾਨੂੰ ਇਕ ਸਟੈਂਡਰਡ ਮਾਸਕ ਦੇ ਰਾਹੀਂ ਜਾਂ ਤੁਹਾਡੇ ਨੱਕ ਵਿਚ ਹੌਲੀ-ਹੌਲੀ ਆਕਸੀਜਨ ਪ੍ਰਾਪਤ ਕਰਨ ਲਈ ਨਿਰਧਾਰਤ ਕੀਤਾ ਜਾਂਦਾ ਹੈ, ਤਾਂ ਮੂੰਹ/ਨੱਕ ਦੇ ਸੁੱਕ ਜਾਂ ਘੁੱਟਨ ਮਹਿਸੂਸ ਕਰਨ ਦੀਆਂ ਭਾਵਨਾਵਾਂ ਦੇ ਬਿਨਾਂ ਹੋਰ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਨਹੀਂ ਹੋਵੇਗੀ।

ਜੇ ਜਦੋਂ ਤੁਸੀਂ ਆਪਣਾ ਇਲਾਜ ਪੂਰਾ ਕਰ ਲਿਆ ਹੈ, ਤਾਂ ਤੁਹਾਨੂੰ ਇਸ ਖੋਜ ਵਿਚ ਬਣੇ ਰਹਿਣ ਦੇ ਨਾਲ ਸਬੰਧਤ ਕੋਈ ਵੀ ਮਹੱਤਵਪੂਰਨ ਵਿਅਕਤੀਗਤ ਪ੍ਰਤੱਖ ਲਾਭ ਜਾਂ ਜ਼ੋਖਮ ਨਹੀਂ ਹਨ। ਵੈਸੇ, ਸਾਡੇ ਦੁਆਰਾ ਤੁਹਾਡੇ ਤੋਂ ਇਕੱਤਰ ਕੀਤੀ ਗਈ ਜਾਣਕਾਰੀ ਇਹ ਨਿਰਣਾ ਕਰਨ ਵਿਚ ਮਦਦ ਕਰੇਗੀ ਕਿ ਭਵਿੱਖ ਵਿਚ ਹੋਰ ਮਰੀਜ਼ਾਂ ਦਾ ਇਲਾਜ ਕਰਨ ਦਾ ਸਭ ਤੋਂ ਵਧੀਆ ਤਰੀਕਾ ਕਿਹੜਾ ਹੈ।

**ਜੇ ਕੁਝ ਗਲਤ ਹੋ ਜਾਂਦਾ ਹੈ ਤਾਂ ਕੀ ਹੋਏਗਾ?**

ਇਸ ਗੱਲ ਦੀ ਅਤਿਅੰਤ ਦੁਰਲੱਭ ਸੰਭਾਵਨਾ ਹੈ ਕਿ ਤੁਹਾਡੇ ਇਸ ਅਧਿਐਨ ਵਿਚ ਭਾਗ ਲੈਣ ਦੇ ਕਾਰਨ ਕੁਝ ਗਲਤ ਹੋ ਸਕਦਾ ਹੈ ਕਿਉਂਕਿ ਅਧਿਐਨ ਦੇ ਵਿਚ ਦਿੱਤੇ ਜਾ ਰਹੇ ਸਾਰੇ ਇਲਾਜ ਮੌਜੂਦਾ ਸਮੇਂ ਵਿਚ ਸਾਹ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਮਰੀਜ਼ਾਂ ਦਾ ਇਲਾਜ ਕਰਨ ਲਈ ਐਨ ਐਚ ਐਸ (NHS) ਦੇ ਅੰਦਰ ਦਿੱਤੇ ਜਾ ਰਹੇ ਹਨ ਇਹ ਅਧਿਐਨ ਇਸ ਤੁਲਨਾ ਲਈ ਹੈ ਕਿ ਕਿਹੜਾ ਇਲਾਜ ਸਭ ਤੋਂ ਕਾਰਗਰ ਹੈ। ਤੁਹਾਡਾ ਇਲਾਜ ਕਰਨ ਵਾਲੇ ਹਸਪਤਾਲ ਇਲਾਜ ਪ੍ਰਦਾਨ ਕਰਨ ਲਈ ਆਪਣੇ ਸਧਾਰਣ ਕਲੀਨਿਕਲ ਅਭਿਆਸਾਂ ਦੀ ਪਾਲਣਾ ਕਰਨਗੇ।

ਵੈਸੇ, ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਇਲਾਜ ਦੇ ਦੌਰਾਨ ਕਿਸੇ ਦੀ ਅਣਗਹਿਲੀ ਦੇ ਕਾਰਨ ਤੁਹਾਨੂੰ ਨੁਕਸਾਨ ਪਹੁੰਚਿਆ ਹੈ, ਤਾਂ ਤੁਹਾਡੇ ਕੋਲ ਐਨ ਐਚ ਐਸ (NHS) ਦੇ ਢੁੱਕਵੇਂ ਸੰਗਠਨ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਆਧਾਰ ਹੋ ਸਕਦੇ ਹਨ, ਪਰ ਤੁਹਾਨੂੰ ਆਪਣੀਆਂ ਕਾਨੂੰਨੀ ਫੀਸਾਂ ਦਾ ਭੁਗਤਾਨ ਕਰਨਾ ਪਵੇਗਾ।

## ਇਸ ਅਧਿਐਨ ਦੇ ਨਤੀਜਿਆਂ ਦਾ ਕੀ ਕੀਤਾ ਜਾਵੇਗਾ?

ਇਸ ਅਧਿਐਨ ਨੂੰ ਪੂਰਾ ਹੋਣ ਵਿਚ ਤਕਰੀਬਨ 2 ਸਾਲ ਲੱਗਣਗੇ। ਅੰਤਰਿਮ ਨਤੀਜਿਆਂ ਨੂੰ ਜਿਵੇਂ ਹੀ ਉਹ ਉਪਲਬੱਧ ਹੁੰਦੇ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸਿਹਤ ਦੇਖਭਾਲ ਦੇ ਹੋਰ ਪੇਸ਼ੇਵਰਾਂ ਦੇ ਨਾਲ ਸਾਂਝਾ ਕੀਤਾ ਜਾਵੇਗਾ ਅਤੇ ਅਸੀਂ ਅਧਿਐਨ ਦੇ ਨਤੀਜਿਆਂ ਨੂੰ ਮੈਡੀਕਲ ਦੇ ਜਰਨਲਾਂ ਵਿਚ ਪ੍ਰਕਾਸ਼ਿਤ ਕਰਾਂਗੇ। ਜਦੋਂ ਅਧਿਐਨ ਦੀ ਕਿਸੇ ਜਾਣਕਾਰੀ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ, ਇਸ ਵਿਚ ਵਿਅਕਤੀਗਤ ਜਾਣਕਾਰੀ ਨਹੀਂ ਹੋਏਗੀ ਅਤੇ ਤੁਹਾਡੀ ਪਛਾਣ ਕਰਨੀ ਸੰਭਵ ਨਹੀਂ ਹੋਏਗੀ।

ਅਸੀਂ ਇਹ ਯਕੀਨੀ ਬਣਾਵਾਂਗੇ ਕਿ ਅਧਿਐਨ ਦੇ ਨਤੀਜਿਆਂ ਨੂੰ ਹਰ ਪਾਸੇ ਸਾਂਝਾ ਕੀਤਾ ਜਾਂਦਾ ਹੈ। ਜੇ ਤੁਸੀਂ ਪ੍ਰਕਾਸ਼ਿਤ ਨਤੀਜਿਆਂ ਦੀ ਇਕ ਕਾਪੀ ਚਾਹੁੰਦੇ ਹੋਵੋ, ਤਾਂ ਕਿਰਪਾ ਕਰਕੇ ਅਧਿਐਨ ਟੀਮ ਨਾਲ ਸੰਪਰਕ ਕਰੋ (ਸੰਪਰਕ ਵੇਰਵੇ ਹੇਠਾਂ ਦਿੱਤੇ ਗਏ ਹਨ)।

## ਇਹ ਅਧਿਐਨ ਕੌਣ ਕਰਵਾ ਰਿਹਾ ਹੈ ਅਤੇ ਇਸਨੂੰ ਫੰਡਿੰਗ ਕੌਣ ਦੇ ਰਿਹਾ ਹੈ?

ਇਸ ਅਧਿਐਨ ਨੂੰ ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਵਿਖੇ ਪ੍ਰੋਫ਼ੈਸਰ ਗੇਵਿਨ ਪਰਕਿਨਸਨ ਅਤੇ ਕੁਇਨਜ਼ ਯੂਨੀਵਰਸਿਟੀ ਬੈਲਫਾਸਟ (Queen’s University Belfast) ਵਿਖੇ ਪ੍ਰੋਫ਼ੈਸਰ ਮੈਕਔਲੇ ਦੀ ਅਗਵਾਈ ਵਾਲੇ ਡਾਕਟਰਾਂ ਅਤੇ ਵਿਗਿਆਨੀਆਂ ਦੇ ਸਮੂਹ ਦੁਆਰਾ ਆਯੋਜਿਤ ਕੀਤਾ ਜਾ ਰਿਹਾ ਹੈ।

ਅਧਿਐਨ ਦੀਆਂ ਲਾਗਤਾਂ ਦਾ ਭੁਗਤਾਨ ਐਨ ਐਚ ਐਸ (NHS) ਅਤੇ ਨੈਸ਼ਨਲ ਇਸੰਟੀਚਿਊਟ ਫਾਰ ਹੈਲਥ ਰਿਸਰਚ (National Institute for Health Research) ਦੁਆਰਾ ਕੀਤਾ ਜਾ ਰਿਹਾ ਹੈ।

## ਇਸ ਅਧਿਐਨ ਵਿਚ ਮਰੀਜ਼ ਅਤੇ ਜਨਤਾ ਕਿਵੇਂ ਸ਼ਾਮਲ ਹਨ?

ਮਰੀਜ਼ਾਂ ਅਤੇ ਜਨਤਕ ਪ੍ਰਤੀਨਿਧੀਆਂ ਨੇ ਇਹ ਯਕੀਨੀ ਬਣਾਉਣ ਵਿਚ ਸਾਡੀ ਮਦਦ ਕੀਤੀ ਹੈ ਕਿ ਅਧਿਐਨ ਦੀ ਰੂਪ ਰੇਖਾ ਅਤੇ ਇਸਦੇ ਸੰਚਾਲਨ ਵਿਚ ਮਰੀਜ਼ਾਂ ਦੇ ਨਜ਼ਰੀਏ ਦਾ ਕੇਂਦਰੀ ਸਥਾਨ ਬਣਿਆ ਰਹੇ। ਮਰੀਜ਼ ਅਤੇ ਜਨਤਕ ਪ੍ਰਤੀਨਿਧੀ ਖੋਜ ਟੀਮ ਦੇ ਹਿੱਸੇ ਵੱਜੋਂ ਸਾਡੇ ਨਾਲ ਨਜ਼ਦੀਕੀ ਰੂਪ ਵਿਚ ਕੰਮ ਕਰਦੇ ਰਹਿਣਗੇ ਤਾਂ ਜੋ ਇਹ ਸੂਚਨਾ ਦੇਣ ਵਿਚ ਮਦਦ ਕੀਤੀ ਜਾ ਸਕੇ ਕਿ ਟਰਾਇਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ ਅਤੇ ਨਾਲ ਹੀ ਇਸ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ ਅਤੇ ਦੂਜਿਆਂ ਨਾਲ ਸਾਂਝਾ ਕੀਤਾ ਜਾਵੇਗਾ।

## ਇਸ ਅਧਿਐਨ ਦੀ ਸਮੀਖਿਆ ਕਿਸਨੇ ਕੀਤੀ ਹੈ?

ਐਨ ਐਚ ਐਸ (NHS) ਵਿਖੇ ਕੀਤੀ ਜਾਣੀ ਵਾਲੀ ਹਰ ਤਰ੍ਹਾਂ ਦੀ ਖੋਜ ਦੀ ਸਮੀਖਿਆ ਲੋਕਾਂ ਦੇ ਆਜ਼ਾਦਾਨਾ ਸਮੂਹ ਜਿਸਨੂੰ ਰਿਸਰਚ ਐਥਿਕਸ ਕਮੇਟੀ (Research Ethics Committee) ਕਹਿੰਦੇ ਹਨ, ਦੁਆਰਾ ਕੀਤੀ ਜਾਂਦੀ ਹੈ, ਤਾਂ ਜੋ ਤੁਹਾਡੀ ਸੁਰੱਖਿਆ, ਅਧਿਕਾਰਾਂ, ਭਲਾਈ ਅਤੇ ਮਾਣ ਦੀ ਰੱਖਿਆ ਕੀਤੀ ਜਾ ਸਕੇ। ਇਸ ਅਧਿਐਨ ਦੀ ਸਮੀਖਿਆ ਲੰਡਨ-ਬ੍ਰਿਗਟਨ ਐਂਡ ਸੁਸੈਕਸ ਰਿਸਰਚ ਐਥਿਕਸ ਕਮੇਟੀ (London - Brighton & Sussex Research Ethics Committee) ਦੁਆਰਾ ਕੀਤੀ ਗਈ ਸੀ ਅਤੇ ਇਸ ਦੇ ਹੱਕ ਵਿਚ ਰਾਏ ਦਿੱਤੀ ਗਈ ਸੀ। ਇਸ ਅਧਿਐਨ ਦੀ ਸਮੀਖਿਆ ਹੈਲਕ ਰਿਸਰਚ ਅਥਾਰਿਟੀ (ਐਚ ਆਰ ਏ) (Health Research Authority, HRA) ਅਤੇ ਨੈਸ਼ਨਲ ਇੰਸਟੀਚਿਊਟ ਫਾਰ ਹੈਲਥਕੇਅਰ ਰਿਸਰਚ (ਐਨ ਆਈ ਐਚ ਆਰ) (National Institute for Healthcare Research, NIHR) ਦੁਆਰਾ ਵੀ ਕੀਤੀ ਗਈ ਹੈ।

**ਜੇ ਨਵੀਂ ਢੁੱਕਵੀਂ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ ਤਾਂ ਕੀ ਹੋਏਗਾ?**

ਜੇ ਨਵੀਂ ਜਾਂ ਢੁੱਕਵੀਂ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ ਜੋ ਇਹ ਸੁਝਾਅ ਦਿੰਦੀ ਹੈ ਕਿ ਅਧਿਐਨ ਦੇ ਇਕ ਜਾਂ ਜ਼ਿਆਦਾ ਇਲਾਜ ਨੁਕਸਾਨ ਦੇ ਰਹੇ ਹਨ ਜਾਂ ਇਹ ਅਪ੍ਰਭਾਵੀ ਹਨ, ਤਾਂ ਇਸ ਇਲਾਜ ਨੂੰ ਰੋਕ ਦਿੱਤਾ ਜਾਵੇਗਾ। ਤੁਹਾਡੀ ਦੇਖਭਾਲ ਟੀਮ ਇਹ ਯਕੀਨੀ ਬਣਾਏਗੀ ਕਿ ਤੁਸੀਂ ਉਪਲਬੱਧ ਹੋ ਸਕਣ ਵਾਲੀ ਸਭ ਤੋਂ ਵਧੀਆ ਦੇਖਭਾਲ ਪ੍ਰਾਪਤ ਕਰਨਾ ਯਕੀਨੀ ਬਣਾਉਣਗੇ। ਇਹ ਬਾਕੀ ਬਚਦੇ ਇਲਾਜ ਦੇ ਦੋ ਵਿਕਲਪਾਂ ਨਾਲ ਜਾਰੀ ਰਹਿ ਸਕਦੀ ਹੈ।

**ਜੇ ਮੈਨੂੰ ਅਧਿਐਨ ਦੇ ਬਾਰੇ ਕਿਸੇ ਤਰ੍ਹਾਂ ਦੇ ਪ੍ਰਸ਼ਨ, ਚਿੰਤਾਵਾਂ ਜਾਂ ਸ਼ਿਕਾਇਤਾਂ ਹੁੰਦੀਆਂ ਹਨ ਤਾਂ ਕੀ ਹੁੰਦਾ ਹੈ?**

ਜੇ ਇਸ ਅਧਿਐਨ ਦੇ ਕਿਸੇ ਪੱਖ ਬਾਰੇ ਤੁਹਾਨੂੰ ਕਿਸੇ ਤਰ੍ਹਾਂ ਦੇ ਪ੍ਰਸ਼ਨ ਜਾਂ ਚਿੰਤਾਵਾਂ ਹਨ, ਤਾਂ ਤੁਹਾਨੂੰ ਖੋਜਾਰਥੀਆਂ ਨਾਲ ਗੱਲ ਕਰਨ ਦੀ ਮੰਗ ਕਰਨੀ ਚਾਹੀਦੀ ਹੈ, ਇਹ ਖੋਜਾਰਥੀ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਆਪਣੀ ਸਭ ਤੋਂ ਵਧੀਆ ਕੋਸ਼ਿਸ਼ ਕਰਨਗੇ।

ਜੇ ਤੁਸੀਂ ਆਪਣੇ ਇਲਾਜ ਦੇ ਕਿਸੇ ਪੱਖ ਦੇ ਬਾਰੇ ਨਾਖੁਸ਼ ਹੋ ਅਤੇ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਐਨ ਐਚ ਐਸ (NHS) ਸ਼ਿਕਾਇਤਾਂ ਦੀ ਪ੍ਰਕ੍ਰਿਆ ਦੇ ਰਾਹੀਂ ਇਹ ਕਰ ਸਕਦੇ ਹੋ। ਤੁਸੀਂ ਹਸਪਤਾਲਾਂ ਦੇ ਪੇਸ਼ੈਂਟ ਅਡਵਾਇਸ ਲਾਇਜ਼ਨ ਸਰਵਿਸ (ਪੀ ਏ ਐਲ ਐਸ) (Patient Advice Liaison Service, PALS) ਜਾਂ ਹਸਪਤਾਲਾਂ ਦੀ ਪੇਸ਼ੈਂਟ ਅਡਵਾਇਸ ਐਂਡ ਸਪੋਰਟ ਸਰਵਿਸ (ਪੀ ਏ ਐਸ ਐਸ) (Patient Advice and Support Service, PASS) ਜਾਂ ਸਥਾਨਕ ਕਲੀਨਿਕਲ ਕਮਿਸ਼ਨਿੰਗ ਗਰੁੱਪ (Clinical Commissioning Group) ਨਾਲ ਸੰਪਰਕ ਕਰ ਸਕਦੇ ਹੋ। ਐਨ ਐਚ ਐਸ (NHS) ਦੀ ਸ਼ਿਕਾਇਤਾਂ ਸਬੰਧੀ ਪ੍ਰਕ੍ਰਿਆ ਬਾਰੇ ਵਧੇਰੇ ਜਾਣਕਾਰੀ ਲਈ ਜਾਂ ਆਪਣੇ ਸਥਾਨਕ ਸੰਪਰਕ ਨੂੰ ਭਾਲਣ ਲਈ ਇੱਥੇ ਦੇਖੋ:
http://www.nhs.uk/choiceintheNHS/Rightsandpledges/complaints/ (ਤੁਸੀਂ ਖੋਜੀ ਟੀਮ ਕੋਲ ਇਸ ਦਸਤਾਵੇਜ਼ ਦੀ ਕਾਪੀ ਲਈ ਬੇਨਤੀ ਕਰ ਸਕਦੇ ਹੋ)।

ਜੇ ਤੁਸੀਂ ਨਾਖੁਸ਼ ਰਹਿੰਦੇ ਹੋ ਅਤੇ ਰਸਮੀ ਰੂਪ ਵਿਚ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਹੇਠਾਂ ਦਿੱਤੇ ਵਿਅਕਤੀ, ਜੋ ਕਿ ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਦਾ ਉੱਚ ਅਧਿਕਾਰੀ ਹੈ ਅਤੇ ਇਸ ਅਧਿਐਨ ਤੋਂ ਸੁਤੰਤਰ ਹੈ, ਦੇ ਨਾਲ ਸੰਪਰਕ ਕਰਕੇ ਅਜਿਹਾ ਕਰ ਸਕਦੇ ਹੋ:

ਡਿਪਟੀ ਡਾਇਰੈਕਟਰ/ਮੁਖੀ ਰਿਸਰਚ ਗਵਰਨੈਂਸ ਰਿਸਰਚ ਐਂਡ ਇੰਪੈਕਟ ਸਰਵਿਸਜ਼ (Research Governance Research & Impact Services)
ਯੂਨੀਵਰਸਿਟੀ ਹਾਊਸ (University House)
ਯੂਨੀਵਰਸਿਟੀ ਆਫ਼ ਵਾਰਵਿਕ (University of Warwick)
ਕੋਵੈਂਟਰੀ (Coventry)
CV4 8UW
ਟੈਲੀ: 024 76 522746
ਈਮੇਲ: researchgovernance@warwick.ac.uk

ਇਹ ਅਧਿਐਨ ਐਨ ਐਚ ਐਸ (NHS) ਅਤੇ ਯੂਨੀਵਰਸਿਟੀ ਆਫ਼ ਵਾਰਵਿਕ (University of Warwick) ਦੇ ਬੀਮੇ ਅਤੇ ਹਾਨੀਪੂਰਤੀ ਦੇ ਕਵਰ ਨਾਲ ਕਵਰ ਕੀਤਾ ਗਿਆ ਹੈ। ਅਧਿਐਨ ਦੇ ਦੌਰਾਨ ਜਿਸ ਤਰੀਕੇ ਨਾਲ ਤੁਹਾਡੇ ਨਾਲ ਸਿੱਝਿਆ ਗਿਆ ਹੈ ਉਸ ਨਾਲ ਸਬੰਧਤ ਕਿਸੇ ਤਰ੍ਹਾਂ ਦੀ ਸ਼ਿਕਾਇਤ ਜਾਂ ਤੁਹਾਡੇ ਦੁਆਰਾ ਸਹਿਣ ਕੀਤੇ ਗਏ ਕਿਸੇ ਵੀ ਸੰਭਾਵਤ ਨੁਕਸਾਨ ਵੱਲ ਧਿਆਨ ਦਿੱਤਾ ਜਾਵੇਗਾ।

ਉਸ ਹਾਲਤ ਵਿਚ ਜਦੋਂ ਕਿ ਤੁਹਾਨੂੰ ਅਧਿਐਨ ਦੇ ਦੌਰਾਨ ਨੁਕਸਾਨ ਪਹੁੰਚਿਆ ਹੋਏ ਅਤੇ ਇਹ ਕਿਸੇ ਦੀ ਅਣਗਹਿਲੀ ਨਾਲ ਹੋਇਆ ਹੈ ਤਾਂ ਤੁਹਾਡੇ ਕੋਲ ਯੂਨੀਵਰਸਿਟੀ ਆਫ਼ ਵਾਰਵਿਕ ਜਾਂ ਸਬੰਧਤ ਐਨ ਐਚ ਐਸ (NHS) ਸੰਗਠਨ ਦੇ ਵਿਰੁੱਧ ਮੁਆਵਜ਼ੇ ਲਈ ਕਾਨੂੰਨੀ ਕਾਰਵਾਈ ਕਰਨ ਦੇ ਆਧਾਰ ਹੋ ਸਕਦੇ ਹਨ, ਪਰ ਤੁਹਾਨੂੰ ਆਪਣੀਆਂ ਕਾਨੂੰਨੀ ਫੀਸਾਂ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਨੈਸ਼ਨਲ ਹੈਲਥ ਸਰਵਿਸ (National Health Service) ਦੀ ਸ਼ਿਕਾਇਤਾਂ ਸਬੰਧੀ ਪ੍ਰਣਾਲੀ ਤੁਹਾਡੇ ਲਈ ਤਾਂ ਵੀ ਉਪਲਬੱਧ ਹੋਏਗੀ।

**ਅਧਿਐਨ ਦੇ ਬਾਰੇ ਹੋਰ ਜਾਣਕਾਰੀ ਲਈ ਮੈਂ ਕਿਸ ਨਾਲ ਸੰਪਰਕ ਕਰਾਂ?**
ਜੇ ਤੁਹਾਡੇ ਕੋਲ ਕਿਸੇ ਤਰ੍ਹਾਂ ਦੇ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਹਸਪਤਾਲ ਦੀ ਮੈਡੀਕਲ ਟੀਮ ਦੇ ਨਾਲ ਗੱਲ ਕਰੋ। ਅਧਿਐਨ ਦੇ ਬਾਰੇ ਹੋਰ ਜਾਣਕਾਰੀ ਅਧਿਐਨ ਦੀ ਵੈਬਸਾਇਟ ਤੇ ਵੀ ਉਪਲਬੱਧ ਹੋਏਗੀ https://warwick.ac.uk/fac/sci/med/research/ctu/trials/recovery-rs/).

**ਇਸ ਜਾਣਕਾਰੀ ਪਰਚੇ ਨੂੰ ਪੜ੍ਹਨ ਲਈ ਤੁਹਾਡਾ ਧੰਨਵਾਦ**